ਅੰਗਰੇਜ਼ ਸਾਮਰਾਜ ਦਾ ਵੈਰੀ – ਸੂਬਾ ਸਾਹਿਬ ਸਿੰਘ

–ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਮ੍ਰਿਤੂ ਤੋਂ ਬਾਅਦ ਜੋ ਕੁਝ ਖਾਲਸਾ ਦਰਬਾਰ ਵਿੱਚ ਹੋਇਆ ਅਤੇ ਖਾਨਾਜੰਗੀ ਦਾ ਦੌਰ ਚੱਲਿਆ, ਉਸਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਨੇੜੇ ਹੋ ਕੇ ਤੱਕਿਆ ਅਤੇ ਉਸ ਭਿਆਨਕ ਦੁਖਾਂਤ ਵਾਲੇ ਸੱਚ ਨੂੰ ਹੰਢਾਇਆ ਸੀ ਅਤੇ ਅੰਗਰੇਜ਼ ਸਾਮਰਾਜ ਦੀਆਂ ਕੁਟਲ ਨੀਤੀਆਂ ਨੂੰ ਆਪਣੀਆਂ ਅੱਖਾਂ ਨਾਲ ਦੇਖਿਆ। ਫਿਰ ਉਹਨਾਂ ਨੇ ਖਾਲਸਾ ਰਾਜ ਦੀ ਮੁੜ ਸਥਾਪਨਾ ਕਰਨ ਲਈ ਅਤੇ ਸਮੁੱਚੀ ਲੋਕਾਈ ਨੂੰ ਕੁਰੀਤੀਆਂ ਤੋਂ ਹੋੜਨ ਲਈ 1856 ਈਸਵੀ ਦੀ ਇਤਿਹਾਸਕ ਵਿਸਾਖੀ ਨੂੰ ਪੰਜ ਸਿੱਖਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਸੰਤ ਖਾਲਸੇ ਦੀ ਸਾਜਨਾ ਕੀਤੀ ਅਤੇ ਸਮੁੱਚੇ ਜਗਤ ਦੀ ਕਾਇਆ ਕਲਪ ਕਰ ਦਿੱਤੀ ਸੀ।

ਸੂਬਿਆਂ ਦੀ ਸਥਾਪਨਾ:–

ਸੰਤ ਖਾਲਸਾ ਦੀ ਸਾਜਨਾ ਤੋਂ ਬਾਅਦ ਸਤਿਗੁਰੂ ਰਾਮ ਸਿੰਘ ਜੀ ਨੇ ਲੋਕਾਈ ਦੀ ਭਲਾਈ ਖਾਤਰ ਸ੍ਰੀ ਭੈਣੀ ਸਾਹਿਬ ਤੋਂ ਬਾਹਰ ਦੂਰ ਦੁਰਾਡੇ ਧਰਮ ਪ੍ਰਚਾਰ ਕਰਨ ਲੱਗੇ ਅਤੇ ਉਹਨਾਂ ਪ੍ਰਚਾਰ ਦੌਰਿਆਂ ਵਿੱਚ ਉਹ ਲੋਕਾਂ ਨੂੰ ਅੰਗਰੇਜ਼ ਦੀ ਗੁਲਾਮੀ ਦਾ ਵੀ ਅਹਿਸਾਸ ਕਰਾਉਂਦੇ ਅਤੇ ਅੰਗਰੇਜ਼ ਤੋਂ ਦੇਸ਼ ਆਜ਼ਾਦ ਕਰਾਉਣ ਲਈ ਸਿੱਖਿਆ ਦੇਂਦੇ ਸਨ। ਉਹਨਾਂ ਨੇ ਪ੍ਰਚਾਰ ਦੌਰਿਆਂ ਦੇ ਪ੍ਰੋਗਰਾਮ ਨੂੰ ਹੋਰ ਪ੍ਰਚੰਡ ਕਰਨ ਲਈ ਸੂਬਿਆਂ ਦੀ ਹੋਂਦ ਪ੍ਰਗਟ ਕੀਤੀ ਸੀ। ਉਹਨਾਂ ਸੂਬਿਆਂ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ– ਪਹਿਲੇ ਉਹ ਸੂਬੇ ਸਨ ਜੋ ਗੁਰੂ ਹੁਕਮ ਅਨੁਸਾਰ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿੱਚ ਧਰਮ ਪ੍ਰਚਾਰ ਕਰਦੇ ਸਨ, ਦੂਜੇ ਉਹ ਸੂਬੇ ਸਨ ਜੋ ਪੰਜਾਬ ਤੋਂ ਬਾਹਰ ਸਮੁੱਚੇ ਹਿੰਦੋਸਤਾਨ ਵਿੱਚ ਇਲਾਕਾ ਵੰਡ ਅਨੁਸਾਰ ਪ੍ਰਚਾਰ ਕਰਕੇ ਲੋਕਾਈ ਨੂੰ ਲਾਮਬੰਦ ਕਰਿਆ ਕਰਦੇ ਸਨ, ਤੀਜੇ ਉਹ ਸੂਬੇ ਸਨ ਜੋ ਹਿੰਦੋਸਤਾਨ ਤੋਂ ਬਾਹਰ ਵਿਦੇਸ਼ਾਂ ਵਿੱਚ ਧਰਮ ਪ੍ਰਚਾਰ ਕਰਿਆ ਕਰਦੇ ਸਨ ਜਿਵੇਂ ਕਿ ਰੂਸ ਵਿੱਚ ਸੂਬਾ ਗੁਰਚਰਨ ਸਿੰਘ ਅਤੇ ਕਾਬਲ ਵਿੱਚ ਸੂਬਾ ਬਿਸ਼ਨ ਸਿੰਘ ਸਨ।

ਸੰਤ ਖਾਲਸਾ ਦੀ ਸਾਜਨਾ ਤੋਂ ਛੇਤੀ ਹੀ ਬਾਅਦ ਸਤਿਗੁਰੂ ਰਾਮ ਸਿੰਘ ਜੀ ਨੇ ਪੰਜ ਸੂਬਿਆਂ ਦੀ ਹੋਂਦ ਪ੍ਰਗਟ ਕੀਤੀ ਸੀ, ਜਿਨ੍ਹਾਂ ਵਿੱਚ ਸਾਹਿਬ ਸਿੰਘ ਜੀ ਪ੍ਰਮੁੱਖ ਸੂਬੇ ਸਨ। ਉਹਨਾਂ ਪੰਜ ਸੂਬਿਆਂ ਦੇ ਨਾਮ ਇਸ ਪ੍ਰਕਾਰ ਸਨ:-

1. ਸੂਬਾ ਜਵਾਹਰ ਸਿੰਘ ਭਾਈ ਕੀ ਡਰੋਲੀ
2. ਸੂਬਾ ਕਾਨ੍ਹ ਸਿੰਘ ਨਿਹੰਗ ਚੱਕ ਰਿਆਸਤ ਮਲੇਰਕੋਟਲਾ
3. ਬਾਬਾ ਲੱਖਾ ਸਿੰਘ ਮਲੌਦ, ਜ਼ਿਲ੍ਹਾ ਲੁਧਿਆਣਾ
4. ਬਾਬਾ ਸੂਬਾ ਸਾਹਿਬ ਸਿੰਘ ਬਰਮਾਲੀਪੁਰ ਜ਼ਿਲ੍ਹਾ ਅੰਮ੍ਰਿਤਸਰ
5. ਸੂਬਾ ਸੁਧ ਸਿੰਘ ਮਢੌਰ ਜ਼ਿਲ੍ਹਾ ਅੰਬਾਲਾ।

ਦੂਜੀ ਕਿਸ਼ਤ ਵਿੱਚ ਉਹਨਾਂ ਨੇ ਹੇਠ ਲਿਖੇ ਸੂਬਿਆਂ ਦੀ ਹੋਂਦ ਪ੍ਰਗਟ ਕੀਤੀ, ਉਹ ਸੂਚੀ ਇਸ ਪ੍ਰਕਾਰ ਹੈ:-

1. ਸੂਬਾ ਰੂੜ ਸਿੰਘ ਬਰਮਾਲੀਪੁਰ ਜ਼ਿਲ੍ਹਾ ਅੰਮ੍ਰਿਤਸਰ ਜੋ ਸੂਬਾ ਸਾਹਿਬ ਸਿੰਘ ਦਾ ਭਰਾ ਸੀ
2. ਸੂਬਾ ਪਹਾੜਾ ਸਿੰਘ ਮਲੌਦ ਜ਼ਿਲ੍ਹਾ ਅੰਬਾਲਾ
3. ਸੂਬਾ ਮਾਨ ਸਿੰਘ ਸੈਦੋ ਜ਼ਿਲ੍ਹਾ ਫਿਰੋਜਪੁਰ
4. ਸੂਬਾ ਹੁਕਮਾ ਸਿੰਘ ਪਿੰਡ ਪਿੱਥੋਂ ਰਿਆਸਤ ਨਾਭਾ
5. ਸੂਬਾ ਬ੍ਰਹਮਾ ਸਿੰਘ ਦਰੀਆਪੁਰ (ਕੈਥਲ)
6. ਸ. ਮੰਗਲ ਸਿੰਘ ਬਿਸ਼ਨਪੁਰੀਆ।

ਤੀਜੀ ਵਾਰ ਵਿੱਚ ਸਤਿਗੁਰੂ ਜੀ ਨੇ ਗਿਆਰਾਂ ਹੋਰ ਸੂਬੇ ਨਿਯੁਕਤ ਕੀਤਾ, ਜਿਨ੍ਹਾਂ ਨਾਲ ਬਾਈ ਸੂਬਿਆਂ ਦੀ ਸੂਚੀ ਪੂਰੀ ਹੋ ਜਾਂਦੀ ਹੈ:-

1. ਸੂਬਾ ਸੁਰਮੁਖ ਸਿੰਘ ਪਿੰਡ ਲੱਲੂਵਾਲ ਰਿਆਸਤ ਪਟਿਆਲਾ
2. ਸੂਬਾ ਬਾਬਾ ਗੋਪਾਲ ਸਿੰਘ ਮਢੌੜ ਰਿਆਸਤ ਪਟਿਆਲਾ
3. ਸੂਬਾ ਬਾਬਾ ਰਤਨ ਸਿੰਘ ਉਰਫ ਗਿਆਨੀ ਰਤਨ ਸਿੰਘ ਮੰਡੀ
4. ਸੂਬਾ ਬਾਬਾ ਖੁਸ਼ਹਾਲ ਸਿੰਘ ਥਰਾਜ (ਹਿਸਾਰ)
5. ਸੂਬਾ ਬਾਬਾ ਨਰਾਇਣ ਸਿੰਘ ਪਿੰਡ ਖਟੜੇ (ਲੁਧਿਆਣਾ)
6. ਸੂਬਾ ਬਾਬਾ ਮਲੂਕ ਸਿੰਘ ਪਿੰਡ ਫੂਲੇਵਾਲ

7. ਸੂਬਾ ਬਾਬਾ ਸਮੁੰਦ ਸਿੰਘ ਪਿੰਡ ਖੋਟੇ (ਫੀਰੋਜਪੁਰ)
8. ਸੂਬਾ ਬਾਬਾ ਖਜ਼ਾਨ ਸਿੰਘ ਪਿੰਡ ਲਧਾਣਾ (ਜਲੰਧਰ)
9. ਸੂਬਾ ਬਾਬਾ ਭਗਵਾਨ ਸਿੰਘ ਪਿੰਡ ਫੱਥੇਵਾਲ (ਅੰਮ੍ਰਿਤਸਰ)
10. ਸੂਬਾ ਬਾਬਾ ਜਮੀਅਤ ਸਿੰਘ ਗਿੱਲ (ਸਿਆਲਕੋਟ)
11. ਸੂਬਾ ਬਾਬਾ ਜੋਤਾ ਸਿੰਘ ਢਪਈ (ਜ਼ਿਲ੍ਹਾ ਸਿਆਲਕੋਟ)

ਸੂਬਾ ਸਾਹਿਬ ਸਿੰਘ ਜੀ ਦਾ ਮੁਢਲਾ ਜੀਵਨ:-

ਉਹਨਾਂ ਦੇ ਜਨਮ, ਸੰਮਤ ਅਤੇ ਸਥਾਨ ਬਾਰੇ ਕੁਝ ਵੀ ਵੇਰਵੇ ਸਹਿਤ ਹਾਲ ਨਹੀਂ ਮਿਲਦਾ। ਪ੍ਰਾਪਤ ਜਾਣਕਾਰੀ ਅਨੁਸਾਰ ਸੂਬਾ ਜੀ ਦਾ ਜਨਮ 1834 ਈਸਵੀ ਵਿੱਚ ਪਿੰਡ ਬੰਗਾਲੀਪੁਰ (ਬਨਵਾਲੀਪੁਰ) ਜ਼ਿਲ੍ਹਾ ਅੰਮ੍ਰਿਤਸਰ (ਅੱਜ ਕਲ ਜ਼ਿਲ੍ਹਾ ਤਰਨਤਾਰਨ) ਮਿਸਤਰੀ ਪਰਿਵਾਰ ਸ. ਨਿਹਾਲ ਸਿੰਘ (ਸਤਿਜੁਗ ਅਖਬਾਰ ਦਾ ਸੂਬਾ ਸਾਹਿਬ ਸਿੰਘ ਅੰਕ ਅਨੁਸਾਰ) ਦੇ ਗ੍ਰਹਿ ਵਿਖੇ ਹੋਇਆ। ਰਾਮਗੜ੍ਹੀਆ ਪਰਿਵਾਰ ਦੇ ਬੱਚੇ ਨੂੰ ਤਾਂ ਗੁੜ੍ਹਤੀ ਹੀ ਸ਼ਿਲਪ ਕਲਾ ਤੇ ਉਸਾਰੀ ਕਲਾ ਦੀ ਦਿੱਤੀ ਜਾਂਦੀ ਹੈ ਪਰੰਤੂ ਇਹ ਬਿੱਚਾ ਬਚਪਨ ਤੋਂ ਹੀ ਸੰਸਾਰਿਕ ਕਾਰਜਾਂ ਤੋਂ ਉਪਰਾਮ ਰਹਿਆ ਕਰਦਾ ਸੀ।

ਸੋ ਉਹ ਹੋਸ਼ ਸੰਭਾਲਦਿਆਂ ਹੀ ਪ੍ਰਮਾਰਥ ਦੀ ਸਿੱਖਿਆ ਅਤੇ ਲਗਨ ਉਹਨਾਂ ਨੂੰ ਨਾਂਗੇ ਸੰਤਾਂ ਦੀ ਜਮਾਤ ਵੱਲ ਲੈ ਗਈ ਅਤੇ ਉਹ ਪਰਿਵਾਰ ਦਾ ਤਿਆਗ ਕਰਕੇ, ਆਪਣੇ ਮਾਤਾ ਪਿਤਾ ਤੇ ਭਰਾਵਾਂ ਨੂੰ ਛੱਡਕੇ ਨਾਂਗੇ ਸਾਧਾਂ ਵਿੱਚ ਰਲ ਗਏ। ਉਹ ਕਈ ਸਾਲ ਸਮੁੱਚੇ ਦੇਸ਼ ਵਿੱਚ ਥਾਂ ਥਾਂ ਭ੍ਰਮਣ ਕਰਦੇ ਰਹੇ ਪਰੰਤੂ ਮਨ ਦੀ ਭਟਕਣਾ ਖਤਮ ਨਾ ਹੋਈ। ਕਈ ਸਾਲਾਂ ਦੇ ਭ੍ਰਮਣ ਤੋਂ ਬਾਅਦ ਉਹ ਨਾਂਗੇ ਸਾਧਾਂ ਦੀ ਜਮਾਤ ਨਾਲ ਆਪਣੇ ਪਿੰਡ ਬਨਵਾਲੀਪੁਰ ਆ ਗਏ ਅਤੇ ਪਿੰਡ ਦੇ ਇੱਕ ਪਾਸੇ ਡੇਰਾ ਲਗਾ ਲਿਆ। ਅਚਾਨਕ ਪਿੰਡ ਦੇ ਦੂਜੇ ਪਾਸੇ ਉਦਾਸੀ ਸਾਧੂਆਂ ਦੇ ਰਮਤ ਅਖਾੜੇ ਦੀ ਸੰਤ ਮੰਡਲੀ ਨੇ ਡੇਰਾ ਲਗਾਇਆ ਹੋਇਆ ਸੀ। (ਸੂਬਾ) ਸਾਹਿਬ ਸਿੰਘ ਜੋ ਉਸ ਸਮੇਂ ਨਾਂਗਾ ਸਾਧੂ ਸੀ, ਉਹ ਉਦਾਸੀ ਸੰਤਾਂ ਨਾਲ ਗਿਆਨ ਚਰਚਾ ਕਰਨ ਆ ਗਿਆ। ਅਖੀਰ ਇਹ ਗੱਲ ਨਿਬੜੀ ਕਿ ਜੋ ਦੋਹਾਂ ਮੰਡਲਾਂ ਦੇ ਸੰਤ ਸਾਹਮਣੇ ਠੰਡੇ ਪਾਣੀ ਦੇ ਤਲਾਅ ਵਿੱਚ ਰਾਤ ਭਜਨ ਕਰਨਗੇ ਅਤੇ ਜ਼ਿਆਦਾ ਚਿਰ ਪਾਣੀ ਵਿੱਚ ਖੜ੍ਹਾ ਰਹੇਗਾ, ਉਹ ਜਿੱਤਿਆ ਮੰਨਿਆ ਜਾਵੇਗਾ ਅਤੇ ਹਾਰਿਆ ਹੋਇਆ ਸਾਧੂ ਆਪਣਾ ਭੇਖ ਤਿਆਗ ਕਰਕੇ ਦੂਜੇ ਭੇਖ ਵਿੱਚ ਚਲਾ ਜਾਵੇਗਾ।

ਪੋਹ-ਮਾਘ ਦੀਆਂ ਠੰਡੀਆਂ ਕਕਰੀਲੀਆਂ ਰਾਤਾਂ ਸਨ, ਦੋਵੇਂ ਮਹਾਂਪੁਰਸ਼ ਬਰਫ ਨਾਲੋਂ ਵੀ ਠੰਡੇ ਪਾਣੀ ਵਿੱਚ ਰਾਤ ਸਮੇਂ ਨਾਮ ਸਿਮਰਨ ਕਰਨ ਲੱਗੇ। ਪਿੰਡ ਦੇ ਵਸਨੀਕ ਉਹਨਾਂ ਦੇ ਅਨੋਖੇ ਕਾਰਜ ਨੂੰ ਦੇਖਣ ਲਈ ਇਕੱਠੇ ਹੋ ਗਏ। ਸਾਰੀ ਰਾਤ ਦੋਵੇਂ ਮਹਾਂਪੁਰਸ਼ ਪਾਣੀ ਵਿੱਚ ਖਲੋਤੇ ਰਹੇ, ਅੰਮ੍ਰਿਤ ਵੇਲੇ ਸਾਹਿਬ ਸਿੰਘ ਜੀ ਮਾਲਾ ਫੇਰਦੇ ਹੋਏ ਪਾਣੀ ਤੋਂ ਬਾਹਰ ਆ ਗਏ। ਹੁਣ ਇਕਰਾਰ ਅਨੁਸਾਰ ਸਾਹਿਬ ਸਿੰਘ ਜੀ ਨਾਂਗੇ ਸਾਧੂਆਂ ਦੀ ਜਮਾਤ ਛੱਡਕੇ ਉਦਾਸੀ ਮੰਡਲ ਵਿੱਚ ਆ ਗਏ। ਉਦਾਸੀ ਮੰਡਲ ਨੇ ਉਹਨਾਂ ਦਾ ਨਾਮ ਸੁਤੇ ਪ੍ਰਕਾਸ਼ ਰੱਖ ਦਿੱਤਾ। ਉਸਤੋਂ ਬਾਅਦ ਇਕ ਵਾਰ ਮੁਕਤਸਰ ਮੇਲੇ ਤੇ ਸੂਬਾ ਬ੍ਰਹਮਾ ਸਿੰਘ ਨਾਲ ਸੁਤੇ ਪ੍ਰਕਾਸ਼ ਜੀ ਦਾ ਮੇਲ ਹੋਇਆ ਤਾਂ ਆਪ ਜੀ ਸਤਿਗੁਰੂ ਰਾਮ ਸਿੰਘ ਜੀ ਦੇ ਚਰਨ ਸ਼ਰਨ ਵਿੱਚ ਚਲੇ ਗਏ ਅਤੇ ਫਿਰ ਚਾਰ ਅੱਖਰਾਂ ਗੁਰਮੰਤਰ ਲੈ ਲਿਆ। 1857 ਈਸਵੀ ਦੀ ਵਿਸਾਖੀ ਸਮੇਂ ਸੰਤ ਖਾਲਸਾ ਦੀ ਸਾਜਨਾ ਹੋਈ ਤਾਂ ਸੁਤੇ ਪ੍ਰਕਾਸ਼ ਜੀ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਪੂਰਨ ਸੰਤ ਬਣ ਗਏ ਅਤੇ ਕੂਕਾ ਮੰਡਲ ਵਿੱਚ ਸ਼ਾਮਲ ਹੋ ਕੇ ਸ੍ਰੀ ਭੈਣੀ ਸਾਹਿਬ ਰਹਿਣ ਲੱਗੇ।

ਗੁਰੂ ਘਰ ਵਿੱਚ ਘਾਲ ਕਮਾਈ ਕਰਨੀ:-

ਜਦੋਂ ਸਾਹਿਬ ਸਿੰਘ ਜੀ ਸ੍ਰੀ ਭੈਣੀ ਸਾਹਿਬ ਗੁਰਦੁਆਰੇ ਵਿੱਚ ਰਹਿ ਕੇ ਘਾਲ ਕਮਾਈ ਕਰਨ ਲੱਗੇ ਤਾਂ ਉਹਨਾਂ ਵੱਲ ਦੇਖ ਕੇ ਉਹਨਾਂ ਦੇ ਹੋਰ ਵੀ ਸਾਰੇ ਪਰਿਵਾਰ ਮੈਂਬਰ ਵੀ ਨਾਮਧਾਰੀ ਸਿੰਘ ਸਜ ਗਏ। ਪਹਿਲਾਂ ਪਹਿਲਾਂ ਉਹਨਾਂ ਨੂੰ ਗੁਰੂ ਘਰ ਵਿੱਚ ਘੋੜਿਆਂ ਦਾ ਅਸਤਬਲ ਅਤੇ ਪਸ਼ੂਆਂ ਦੀ ਦੇਖਭਾਲ ਦਾ ਕਾਰਜ ਸੌਂਪਿਆ ਗਿਆ ਜੋ ਆਪ ਜੀ ਨੇ ਬੜੀ ਸਿਆਣਪ ਨਾਲ ਕਰਕੇ ਸਤਿਗੁਰਾਂ ਦੀਆਂ ਖੁਸ਼ੀਆਂ ਹਾਸਲ ਕੀਤੀਆਂ। ਭਾਈ ਸੰਤੋਖ ਸਿੰਘ ਵਾਲੇ ਗ੍ਰੰਥ "ਸਤਿਗੁਰੂ ਬਿਲਾਸ" ਵਿੱਚ ਇਸ ਪ੍ਰਕਾਰ ਲਿਖਿਆ ਹੈ-

"ਬਾਬਾ ਸਾਹਿਬ ਸਿੰਘ ਆਇਆ ਤੇ (ਭਜਨ ਪੁੱਛਣ ਉਪਰੰਤ ਬੜੀ ਭਾਵਨਾ ਨਾਲ ਹੱਥ ਜੋੜ ਕੇ) ਕਹਿਣ ਲੱਗਾ ਜੀ ਮੇਰਾ ਏਥੇ ਰਹਿਣ ਦਾ ਸੰਕਲਪ ਹੈ। (ਜੇ ਹੁਕਮ ਹੋਵੇ ਤਾਂ ਮੈਂ) ਮੈਸਾਂ ਮੱਝਾਂ ਚਾਰ ਲਿਆਵਾਂ ਕਰਾਂਗਾ। ਗੁਰੂ ਜੀ ਕਹਿਣ ਲਗੇ, ਚੰਗਾ।"

ਏਥੇ ਹੀ ਬਸ ਨਹੀਂ ਸਤਿਗੁਰੂ ਜੀ ਨੇ ਉਹਨਾਂ ਦੀ ਤੀਖਣ ਬੁੱਧੀ ਦੇਖਕੇ ਅਤੇ ਸਿੱਖ ਸਾਹਿਤ ਦਾ ਗਿਆਤਾ ਜਾਣ ਕੇ ਉਸਨੂੰ ਬੱਚਿਆਂ ਨੂੰ ਗੁਰਮੁਖੀ ਪੜਾਉਣ ਅਤੇ ਸਿੱਖ ਧਰਮ ਦੇ ਗਰੰਥਾਂ ਦਾ ਬੱਚਿਆਂ ਨੂੰ ਪਠਨ ਪਾਠ ਸਿਖਾਉਣ ਦੀ ਜ਼ੁੰਮੇਵਾਰੀ ਸੌਂਪ ਦਿੱਤੀ ਸੀ।

ਸਤਿਗੁਰਾਂ ਪ੍ਰਤੀ ਸਮਰਪਣ ਦੀ ਭਾਵਨਾ:-

ਨਾਮਧਾਰੀ ਸਿੰਘ ਸਜਣ ਤੋਂ ਬਾਅਦ ਉਹਨਾਂ ਦੀ ਆਸਥਾ ਸਤਿਗੁਰਾਂ ਪ੍ਰਤੀ ਹੋ ਗਈ ਸੀ, ਉਹ ਸਤਿਗੁਰਾਂ ਨੂੰ ਅਕਾਲ ਪੁਰਖ ਦਾ ਰੂਪ ਸਮਝਦੇ ਸਨ। ਆਪਣੀ ਸਾਰੀ ਉਮਰ ਦਾ ਨਾਮ ਸਿਮਰਨ ਦਾ ਫਲ ਸਤਿਗੁਰੂ ਜੀ ਨੂੰ ਉਹਨਾਂ ਨੇ ਅਰਪਤ ਕਰ ਦਿੱਤਾ ਸੀ। ਉਸ ਸਾਰੀ ਇਤਿਹਾਸਕ ਘਟਨਾ ਦਾ ਵੇਰਵਾ ਸੰਤ ਸੰਤੋਖ ਸਿੰਘ ਬਾਹੋਵਾਲ ਦੇ ਗਰੰਥ "ਸਤਿਗੁਰੂ ਬਿਲਾਸ" ਵਿੱਚ ਦਿੱਤਾ ਹੈ-

ਅਪਰੈਲ 1861 ਈਸਵੀ ਵਿਚ ਹਰਦੁਆਰ ਅਰਧ ਕੁੰਭੀ ਦਾ ਪੁਰਬ ਆ ਗਿਆ। ਧਰਮ ਪ੍ਰਚਾਰ ਹਿਤ ਸਤਿਗੁਰੂ ਰਾਮ ਸਿੰਘ ਜੀ ਪਰਵਿਾਰ ਅਤੇ ਸਿੱਖਾਂ ਸਮੇਤ ਅਨੇਕ ਕੌਤਕ ਕਰਦੇ ਹੋਏ ਸ੍ਰੀ ਭੈਣੀ ਸਾਹਿਬ ਤੋਂ ਚਾਲੇ ਪਾਏ ਅਤੇ ਖੰਨਾ, ਅੰਬਾਲੇ ਤੋਂ ਹੁੰਦੇ ਹੋਏ ਮਾਰਕੰਡੇ ਮਦੀ ਦੇ ਕਿਨਾਰੇ ਪਹੁੰਚੇ। ਉਥੇ ਬਹੁਤ ਮੀਂਹ ਆਇਆ ਅਤੇ ਗੜੇ ਪੈਣ ਲਗੇ। ਸਤਿਗੁਰੂ ਜੀ ਦਾ ਡੇਰਾ ਮਦਾਨ ਵਿੱਚ ਸੀ। ਸਤਿਗੁਰੂ ਜੀ ਨੇ ਕਿਹਾ ਕਿ ਸਾਰੇ ਸਿੱਖ ਆਪੋ ਆਪਣੀ ਭਜਨ ਬੰਦਗੀ ਦਾ ਫਲ ਦੇਵੋ ਤਾਂ ਸਭ ਤੋਂ ਵਧ ਕੇ ਸੂਬਾ ਸਾਹਿਬ ਸਿੰਘ ਜੀ ਨੇ ਆਪਣੀ ਬੀਤੀ ਜ਼ਿੰਦਗੀ ਅਤੇ ਆਉਣ ਵਾਲੀ ਸਾਰੀ ਆਯੂ ਦੀ ਬੰਦਗੀ ਦਾ ਸਾਰਾ ਫਲ ਸਤਿਗੁਰੂ ਜੀ ਨੂੰ ਅਰਪਣ ਕਰ ਦਿੱਤਾ ਸੀ। ਸਤਿਗੁਰ ਬਿਲਾਸ (ਹਿੱਸਾ ਪਹਿਲਾ) ਦੇ ਸਫਾ 172 ਤੇ ਇਸ ਪ੍ਰਕਾਰ ਲਿਖਿਆ ਹੈ:-

"ਸਿੰਘਾਂ ਨੇ ਸੰਕਲਪ ਕੀਤਾ ਦਿਨ ਬਹੁਤੇ ਹੈਨ। ਰਸਤੇ ਮੈ ਜਾਂਦਿਆਂ ਰਾਤ ਕੋ ਮੀਂਹ ਤੇ ਗੜੇ ਪੈਣ ਲਗੇ। ਮਦਾਨ ਵਿੱਚ ਡੇਰਾ ਸੀ। ਗੁਰੂ ਜੀ ਬਚਨ ਕੀਤਾ ਜਿਸ ਜਿਸ ਨੇ ਭਜਨ ਬਾਣੀ ਪੜ੍ਹੀ ਹੈ ਸਭ ਫਲ ਦੇਵੋ ਜੋ ਗੜਾ ਬੰਦ ਹੋਵੇ। ਸਿੰਘਾਂ ਨੇ ਆਪੋ ਆਪਣੀ ਭਜਨ ਬੰਦਗੀ ਦਾ ਫਲ ਦੇ ਦਿੱਤਾ। ਕਿਸੇ ਨੇ ਮਹਲਾ, ਕਿਸੇ ਨੇ ਬਾਣੀ ਦਾ ਫਲ ਦਿੱਤਾ। ਏਕ ਸਿੰਘ ਨੇ ਕਹਾ ਕਿ ਅੱਧੀ ਸੁਖਮਨੀ ਕਾ ਮੇਰਾ ਵੀ ਪਾਇ ਲਵੋ। ਗੁਰੂ ਜੀ ਬਚਨ ਕੀਤਾ ਅੱਧੀ ਤੈਂ ਘਰ ਲੈ ਜਾਣੀ ਹੈ? ਬਾਬੇ ਸਾਹਿਬ ਸਿੰਘ ਨੇ ਕਿਹਾ ਕਿ ਜੀ ਜਿਤਨਾ ਚਿਰ ਮੈਂ ਜੀਉਂਦਾ ਰਹਾਂ, ਜਿਤਨਾ ਭਜਨ ਬਾਣੀ ਕਰਾਂ ਸੋ ਸਭ ਕਾ ਫਲ ਦੇ ਦਿੱਤਾ ਹੈ। ਉਸੇ ਵਕਤ ਗੜਾ ਬਾਰਸ਼ ਬੰਦ ਹੋ ਗਈ।"

ਸਾਰਾ ਪ੍ਰਵਾਰ ਨਾਮਧਾਰੀ ਸਿੰਘ ਸਜਿਆ-

ਸੂਬਾ ਸਾਹਿਬ ਸਿੰਘ ਜੀ, ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਰਹਿ ਕੇ ਘਾਲ ਕਮਾਈ ਕਰਨ ਲੱਗੇ ਅਤੇ ਸਤਿਗੁਰਾਂ ਦੇ ਪਿਆਰੇ ਸਿੱਖ ਅਤੇ ਫਿਰ ਸੂਬਾ ਚੁਣੇ ਗਏ। ਹੁਣ ਉਹ ਗੁਰੂ ਘਰ ਵਿੱਚ ਹਰ ਕਾਰਜ ਵਿੱਚ ਅੱਗੇ ਹੋ ਕੇ ਹਿੱਸਾ ਲੈਣ ਲੱਗੇ ਅਤੇ ਉਹਨਾਂ ਦੀ ਕੀਰਤੀ ਦੂਰ ਦੂਰ ਤੱਕ ਫੈਲ ਗਈ। ਉਹਨਾਂ ਦੀ ਸੋਭਾ ਸੁਣਕੇ ਉਹਨਾਂ ਦਾ ਸਾਰਾ ਪਰਿਵਾਰ ਅਤੇ ਫਿਰ ਪਿੰਡ ਬਰਮਾਲੀਪੁਰ ਦੇ ਵਸਨੀਕ ਨਾਮਧਾਰੀ ਸਿੱਖ ਸਜ ਗਏ। ਉਹ ਰਾਮਗੜ੍ਹੀਆ ਪਰਿਵਾਰ ਨਾਲ ਸੰਬੰਧਤ ਸਨ ਅਤੇ ਤਿੰਨ ਭਰਾ ਸਨ- ਸੂਬਾ ਸਾਹਿਬ ਸਿੰਘ, ਸੂਬਾ ਰੂੜ ਸਿੰਘ ਅਤੇ ਹੀਰਾ ਸਿੰਘ। ਸੂਬਾ ਸਾਹਿਬ ਸਿੰਘ ਜੀ ਵਾਂਗ ਰੂੜ ਸਿੰਘ ਵੀ ਗੁਰੂ ਘਰ ਨੂੰ ਪੂਰੀ ਤਰ੍ਹਾਂ ਸਮਰਪਤ ਸਿੱਖ ਸਨ। ਇਸ ਲਈ ਸਤਿਗੁਰੂ ਰਾਮ ਸਿੰਘ ਜੀ ਨੇ ਰੂੜ ਸਿੰਘ ਨੂੰ ਸੂਬੇ ਦੀ ਪਦਵੀ ਬਖਸ਼ੀ ਸੀ। ਸਤਿਜੁਗ ਅਖਬਾਰ ਦੇ "ਸੂਬਾ ਸਾਹਿਬ ਸਿੰਘ ਅੰਕ" (ਜੂਨ 1979 ਈਸਵੀ) ਅਨੁਸਾਰ ਸੂਬਾ ਰੂੜ ਸਿੰਘ ਅਤੇ ਹੀਰਾ ਸਿੰਘ ਸ਼ਾਦੀਸ਼ੁਦਾ ਸਨ। ਸੂਬਾ ਰੂੜ ਸਿੰਘ ਦੀ ਕੋਈ ਔਲਾਦ ਨਹੀਂ ਸੀ, ਹੀਰਾ ਸਿੰਘ ਦੇ ਘਰ ਤਿੰਨ ਸਪੁੱਤਰ ਗੁਰਮੁਖ ਸਿੰਘ, ਕਿਸ਼ਨ ਸਿੰਘ ਤੇ ਪ੍ਰਤਾਪ ਸਿੰਘ ਹੋਏ। ਅੱਗੇ ਬਾਬੇ ਪ੍ਰਤਾਪ ਸਿੰਘ ਦੇ ਘਰ ਤਿੰਨ ਸਪੁੱਤਰ ਸ਼ਰਧਾ ਸਿੰਘ, ਮੱਲ ਸਿੰਘ ਅਤੇ ਮੰਨਾ ਸਿੰਘ ਹੋਏ। ਅੱਗੋਂ ਸੰਤ ਸ਼ਰਧਾ ਸਿੰਘ ਜੋ ਬੜੇ ਸਿਦਕੀ ਸਿੱਖ ਹੋਏ, ਦੇ ਘਰ ਹਰਨਾਮ ਸਿੰਘ, ਉੱਤਮ ਸਿੰਘ ਤੇ ਦਰਸ਼ਨ ਸਿੰਘ ਤਿੰਨੇ ਸਪੁੱਤਰ ਹੋਏ ਸਨ।

ਇਸ ਪ੍ਰਕਾਰ ਮੱਲ ਸਿੰਘ ਜੀ ਦੇ ਘਰ ਦਰਬਾਰਾ ਸਿੰਘ ਤੇ ਜੋਧ ਸਿੰਘ ਸਪੁੱਤਰ ਹੋਏ। ਇਸੇ ਤਰ੍ਹਾਂ ਸੰਤ ਮੰਨਾ ਸਿੰਘ ਦੇ ਘਰ ਟਹਿਲ ਸਿੰਘ, ਦੀਵਾਨ ਸਿੰਘ ਤੇ ਭਗਵਾਨ ਸਿੰਘ ਤਿੰਨ ਸਪੁੱਤਰ ਹੋਏ ਸਨ।

ਸੂਬਾ ਸਾਹਿਬ ਸਿੰਘ ਜੀ ਕੂਕਾ ਡਾਕ ਵਿਭਾਗ ਦੇ ਇੰਚਾਰਜ ਬਣੇ:-

ਪਹਿਲੀ ਵਾਰ ਅੰਗਰੇਜ਼ ਸਰਕਾਰ ਦੀ ਨਜ਼ਰ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੀਆਂ ਸਮਾਜ ਸੁਧਾਰਕ ਅਤੇ ਧਾਰਮਿਕ ਸਰਗਰਮੀਆਂ ਤੇ ਸੁਤੰਤਰਤਾ ਸੰਗਰਾਮ ਦੇ ਪ੍ਰਚਾਰ ਦੇ ਜਤਨ 1863 ਈਸਵੀ ਵਿੱਚ ਆਏ। ਅੰਗਰੇਜ਼ ਸਰਕਾਰ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਚਾਰ ਤੋਂ ਡਰ ਗਈ ਸੀ ਅਤੇ ਉਹਨਾਂ ਦੇ ਖਿਲਾਫ ਹੁਕਮ ਸਾਦਰ ਕਰ ਦਿੱਤੇ ਕਿ ਉਹ ਸ੍ਰੀ ਭੈਣੀ ਸਾਹਿਬ ਤੋਂ ਬਾਹਰ ਨਹੀਂ ਜਾ ਸਕਦੇ। ਉਸ ਸਮੇਂ ਸਤਿਗੁਰੂ ਜੀ ਨੇ ਭੈਣੀ ਸਾਹਿਬ ਕੇਂਦਰ ਅਤੇ ਦੂਰ ਦੁਰਾਡੇ ਬੈਠੀ ਸੰਗਤ ਨਾਲ ਤਾਲਮੇਲ ਕਾਇਮ ਰੱਖਣ ਲਈ ਕੂਕਾ ਡਾਕ ਵਿਭਾਗ ਚਾਲੂ ਕੀਤਾ ਜਿਸਦੇ ਇੰਚਾਰਜ਼ ਸੂਬਾ ਸਾਹਿਬ ਸਿੰਘ ਜੀ ਨੂੰ ਬਣਾਇਆ ਗਿਆ। ਸੂਬਾ ਜੀ ਨੇ ਡਾਕ ਵਿਭਾਗ ਦੀ ਕਾਰਜ ਪ੍ਰਣਾਲੀ ਨੂੰ ਬੜੀ ਯੋਗਤਾ ਅਤੇ ਸਿਆਣਪ ਨਾਲ

ਨਿਭਾਇਆ ਸੀ ਜਿਸਦੀ ਕਾਰਜ ਕੁਸ਼ਲਤਾ ਨੂੰ ਦੇਖ ਕੇ ਅੰਗਰੇਜ਼ ਸਰਕਾਰ ਵੀ ਹੈਰਾਨ ਹੋ ਗਈ ਸੀ।

ਨਾਮਧਾਰੀ ਪੰਥ ਦਾ ਨੇਪਾਲ ਮਿਸ਼ਨ:-

ਸਤਿਗੁਰੂ ਰਾਮ ਸਿੰਘ ਜੀ ਵੱਲੋਂ ਅਰੰਭ ਕੀਤੇ ਗਏ ਸੁਤੰਤਰਤਾ ਸੰਗਰਾਮ ਵਿੱਚ ਇਹ ਕੋਸ਼ਿਸ਼ ਕੀਤੀ ਗਈ ਕਿ ਪੰਜਾਬ ਦੇ ਗੁਆਂਢੀ ਰਾਜਾਂ ਅਤੇ ਹਿੰਦੋਸਤਾਨ ਨਾਲ ਲਗਦੇ ਦੇਸ਼ਾਂ ਰਿਆਸਤਾਂ ਨਾਲ ਸੰਬੰਧ ਕਾਇਮ ਕੀਤੇ ਜਾਣ। ਇੱਥੋਂ ਤੱਕ ਕਿ ਕਸ਼ਮੀਰ ਵਿੱਚ ਨਾਮਧਾਰੀ ਸੈਨਿਕ ਪਲਟਣ (ਕੂਕਾ ਰੈਜੀਮੈਂਟ) ਤਿਆਰ ਕੀਤੀ ਗਈ ਅਤੇ ਅਫਗਾਨਿਸਤਾਨ ਨਾਲ ਵੀ ਸੰਬੰਧ ਕਾਇਮ ਕੀਤੇ ਗਏ। ਕਾਬਲ ਤੋਂ ਹਾਕਮ ਦੇ ਦੋ ਸਾਹਿਬਜ਼ਾਦੇ ਸ੍ਰੀ ਭੈਣੀ ਸਾਹਿਬ ਯਾਤਰਾ ਤੇ ਆਏ ਸਨ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਅਰੰਭ ਕੀਤੇ ਸੰਘਰਸ਼ ਨੂੰ ਦੇਖ ਕੇ ਪ੍ਰਸੰਨ ਹੋਏ ਸਨ।

ਇਸ ਲੜੀ ਦੇ ਅਧੀਨ ਨਾਮਧਾਰੀ ਪੰਥ ਨੇ ਨੇਪਾਲ ਦੇ ਜੰਗ ਬਹਾਦਰ ਉੱਥੋਂ ਦੇ ਹਾਕਮ ਨਾਲ ਸੰਬੰਧ ਬਣਾਏ ਤਾਂ ਕਿ ਜਦੋਂ ਅੰਗਰੇਜ਼ ਸਾਮਰਾਜ ਵਿਰੁਧ ਸੁਤੰਤਰਤਾ ਦੀ ਜੰਗ ਸ਼ੁਰੂ ਹੋਵੇ ਤਾਂ ਨੇਪਾਲ ਤੋਂ ਮੱਦਦ ਲਈ ਜਾ ਸਕੇ। ਉਧਰ ਜੰਗ ਬਹਾਦਰ ਵੀ ਅੰਗਰੇਜ਼ਾਂ ਤੇ ਤਾਨਾਸ਼ਾਹੀ ਰਵੱਈਏ ਨੂੰ ਪਸੰਦ ਨਹੀਂ ਸੀ ਕਰਦਾ ਅਤੇ ਉਸ ਸੁਤੰਤਰਤਾ ਨੂੰ ਪਸੰਦ ਕਰਦਾ ਸੀ। ਇਸ ਲਈ ਉਸਨੇ ਕਿਰਪਾਲ ਸਿੰਘ, ਹਰੀ ਸਿੰਘ, ਬੀਰ ਸਿੰਘ ਤੇ ਬਿਸ਼ਨ ਸਿੰਘ ਨਾਮਧਾਰੀ ਸਿੱਖਾਂ ਰਾਹੀਂ ਸਤਿਗੁਰੂ ਰਾਮ ਸਿੰਘ ਜੀ ਨੂੰ ਬੇਨਤੀ ਕਰ ਭੇਜੀ ਕਿ ਉਸਨੂੰ ਮੱਝਾਂ ਅਤੇ ਖੱਚਰਾਂ ਸੁਗਾਤ ਵਜੋਂ ਭੇਜੀਆਂ ਜਾਣ।

ਸਤਿਗੁਰੂ ਜੀ ਨੇ ਭਗਵਾਨ ਸਿੰਘ ਨੂੰ ਇੱਕ ਹਜ਼ਾਰ ਰੁਪਏ ਦੇ ਕੇ ਲਾਹੌਰ ਭੇਜਿਆ, ਉੱਥੋਂ ਰਾਣਾ ਜੰਗ ਬਹਾਦਰ ਲਈ ਦੋ ਮੱਝਾਂ ਅਤੇ ਦੋ ਖੱਚਰਾਂ ਖਰੀਦ ਕੇ ਲਿਆਂਦੀਆਂ ਤੇ ਫਿਰ ਸੂਬਾ ਸਾਹਿਬ ਸਿੰਘ ਅਤੇ ਸੂਬਾ ਕਾਹਨ ਸਿੰਘ ਨਿਹੰਗ ਉਹਨਾਂ ਨੂੰ ਨਾਲ ਲੈ ਕੇ ਨੇਪਾਲ ਗਏ। ਉਹਨਾਂ ਦੋਹਾਂ ਸੂਬਿਆਂ ਦੇ ਨਾਲ ਅਤਰ ਸਿੰਘ ਅਤੇ ਥੱਮਣ ਸਿੰਘ ਨਾਮਧਾਰੀ ਵੀ ਗਏ ਸਨ। ਰਾਣਾ ਉਹਨਾਂ ਦੋਹਾਂ ਮੱਝਾਂ ਅਤੇ ਖੱਚਰਾਂ ਨੂੰ ਵੇਖ ਕੇ ਬਹੁਤ ਖੁਸ਼ ਹੋਇਆ। ਉਸਦੇ ਜਵਾਬ ਵਿੱਚ ਰਾਣੇ ਨੇ 500 ਰੁਪਏ ਨਕਦ, ਇੱਕ ਗੂਟ ਘੋੜਾ, ਇੱਕ ਕਸਤੂਰੀ ਦੇ ਨਾਪਿਆਂ ਦੀ ਮਾਲਾ, ਦੋ ਖੁਖਰੀਆਂ, ਇੱਕ ਦੁਸ਼ਾਲਾ ਅਤੇ ਚਾਲੀ ਗਜ਼ ਬਹੁਮੁੱਲੀ ਬਨਾਤ ਸ੍ਰੀ ਭੈਣੀ ਸਾਹਿਬ ਸਤਿਗੁਰਾਂ ਲਈ ਭੇਜੇ। ਅਨੇਕ ਗੁਪਤ ਬਚਨ ਵੀ ਕੀਤੇ ਜਿਹਨਾਂ ਬਾਰੇ ਸੂਹ ਕੱਢਣ ਲਈ

ਅੰਗਰੇਜ਼ ਸਰਕਾਰ ਨੇ ਆਪਣੇ ਜਾਸੂਸ ਸੂਬਿਆਂ ਪਿੱਛੇ ਲਗਾਏ ਪਰੰਤੂ ਸਰਕਾਰ ਨੂੰ ਕੋਈ ਕਾਮਯਾਬੀ ਨਾ ਮਿਲੀ। ਅੰਗਰੇਜ਼ ਸਰਕਾਰ ਆਪਣੇ ਮਿਸ਼ਨ ਵਿਚ ਕਾਮਯਾਬ ਨਾ ਹੋ ਸਕੀ।

ਸਰਕਾਰੀ ਦਸਤਾਵੇਜ਼ਾਂ ਵਿੱਚ ਸੂਬਾ ਜੀ ਦੇ ਚਰਚੇ:-

ਸਰਕਾਰੀ ਕਾਗਜ਼ਾਤ ਜਿਨ੍ਹਾਂ ਨੂੰ ਪਹਿਲੀ ਵਾਰ ਜੋ ਨਾਮਧਾਰੀ ਇਤਿਹਾਸ ਨਾਲ ਸੰਬੰਧਿਤ ਸਨ, ਭਾਈ ਨਾਹਰ ਸਿੰਘ ਨੇ ਸੰਪਾਦਨਾ ਕਰਕੇ ਪ੍ਰਕਾਸ਼ਤ ਕੀਤੇ ਸਨ। ਫਿਰ ਉਹਨਾਂ ਦੇ ਅਧਾਰ ਤੇ ਉਹਨਾਂ ਪੰਜਾਬੀ ਅਤੇ ਹਿੰਦੀ ਭਾਸ਼ਾਵਾਂ ਵਿੱਚ "ਨਾਮਧਾਰੀ ਇਤਿਹਾਸ (ਪਹਿਲਾ ਹਿੱਸਾ" ਪੁਸਤਕ ਪ੍ਰਕਾਸ਼ਤ ਕੀਤੀ ਸੀ। ਉਸ ਅਨੁਸਾਰ ਸਰਕਾਰ ਅੰਗਰੇਜ਼ੀ ਸੂਬਾ ਜੀ ਦੀ ਸੂਝ ਬੂਝ ਅਤੇ ਸਿਆਣਪ ਤੋਂ ਚਿੰਤਤ ਸੀ, ਉਸਨੂੰ ਨਾਮਧਾਰੀ ਪੰਥ ਦਾ ਦਿਮਾਗ ਸਮਝਦੀ ਸੀ ਅਤੇ ਜੋ ਕੁਝ ਵੀ ਨਾਮਧਾਰੀ ਪੰਥ ਵਿਚ ਵਾਪਰਦਾ ਸੀ, ਉਹ ਸਾਰੀ ਗਤੀਵਿਧੀਆਂ ਦਾ ਜ਼ੁੰਮੇਵਾਰ ਸੂਬਾ ਸਾਹਿਬ ਸਿੰਘ ਨੂੰ ਸਮਝਦੀ ਸੀ। ਇੱਥੋਂ ਤੱਕ ਕਿ ਸੈਸ਼ਨ ਜੱਜ ਮਿ: ਮੈਕਨਾਬ ਨੇ ਆਪਣੀਆਂ ਰਿਪੋਰਟਾਂ ਵਿੱਚ ਲਿਖਿਆ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਤੋਂ ਬਾਅਦ ਸੂਬਾ ਸਾਹਿਬ ਸਿੰਘ ਪੰਥ ਦਾ ਅਗਲਾ ਗੁਰੂ ਬਣੇਗਾ।

ਪਹਿਲੀ ਰਿਪੋਰਟ:-

ਸੂਬਾ ਸਾਹਿਬ ਸਿੰਘ ਜੀ ਬਾਰੇ ਸਰਕਾਰੀ ਕਾਗਜ਼ਾਂ ਵਿੱਚ ਪਹਿਲੀ ਰਿਪੋਰਟ 11 ਜੂਨ 1863 ਈਸਵੀ ਨੂੰ ਜਲੰਧਰ ਦੇ ਮੈਜਿਸਟਰੇਟ ਕੈਪਟਨ ਮਿਲਰ ਨੂੰ ਉਸਦੇ ਜਾਸੂਸ ਗੇਂਦਾ ਸਿੰਘ ਨੇ ਦਿੱਤੀ ਸੀ। ਉਹ ਦੱਸਦਾ ਹੈ, "ਮੈਂ ਗੇਂਦਾ ਸਿੰਘ (ਜਾਸੂਸ) ਨੂੰ ਗੁਰੂ ਰਾਮ ਸਿੰਘ ਦੇ ਪਿੰਡ ਭੇਜਿਆ ਸੀ। ਗੁਰੂ ਜੀ ਉੱਥੋਂ ਗੈਰ ਹਾਜ਼ਰ ਸੀ। ਉਹਨਾਂ ਦਾ ਚੇਲਾ ਸਾਹਿਬ ਸਿੰਘ ਉੱਥੇ ਮੌਜੂਦ ਸੀ। ਗੇਂਦਾ ਸਿੰਘ ਨੇ ਨਾਮਧਾਰੀ ਬਣਨ ਦੀ ਇੱਛਾ ਪ੍ਰਗਟ ਕੀਤੀ। ਰਾਤ ਸਮੇਂ ਗੇਂਦਾ ਸਿੰਘ ਉਹਨਾਂ ਦੀ ਟੋਲੀ ਵਿੱਚ, ਜਿਸ ਵਿੱਚ 50 ਦੇ ਕਰੀਬ ਬੰਦੇ ਸਨ, ਜਾ ਮਿਲਿਆ। ਢੋਲਕ ਵੱਜੀ ਤੇ ਹਰ ਇੱਕ ਨੇ ਆਪਣੀ ਆਪਣੀ ਲਾਠੀ ਸਾਹਿਬ ਸਿੰਘ ਤੋਂ ਲੈ ਲਈ। ਸਾਹਿਬ ਸਿੰਘ ਨੇ ਟੋਲੀ ਨੂੰ ਦੋ ਘੰਟੇ ਕਵਾਇਦ ਕਰਵਾਈ।"

ਦੂਜੀ ਰਿਪੋਰਟ:-

ਦੂਜੀ ਰਿਪੋਰਟ ਡਿਪਟੀ ਕਮਿਸ਼ਨਰ ਐਸ. ਪੀ. ਮਿਲਰ ਦੁਆਰਾ ਤਿਆਰ ਕੀਤੀ ਗਈ ਸੀ। ਉਸਨੇ ਗੇਂਦਾ ਸਿੰਘ ਦੀ ਰਿਪੋਰਟ ਤੇ ਵਿਸ਼ਵਾਸ ਨਾ ਕਰਕੇ ਆਪਣੇ ਚਾਰ ਹੋਰ ਜਾਸੂਸ ਸ੍ਰੀ ਭੈਣੀ ਸਾਹਿਬ ਭੇਜੇ ਤਾਂ ਕਿ ਸ੍ਰੀ ਭੈਣੀ ਸਾਹਿਬ ਦੀ ਅਸਲੀਅਤ ਦਾ ਪਤਾ ਲੱਗ

ਜਾਵੇ। ਨਵੀਂ ਤਫ਼ਤੀਸ਼ ਅਨੁਸਾਰ, "ਨਾਮਧਾਰੀਆਂ ਦਾ ਰਵੱਈਆਂ ਅਮਨ ਅਮਾਨ ਵਾਲਾ ਸੀ। ਭੈਣੀ (ਸਾਹਿਬ) ਵਿਖੇ ਉਨ੍ਹਾਂ ਕੋਈ ਕਵਾਇਦ ਹੁੰਦੀ ਨਹੀਂ ਵੇਖੀ ਅਤੇ ਨਾ ਹੀ ਉਥੇ ਕੋਈ ਹਥਿਆਰ ਸਨ। ਭਾਈ (ਸੂਬਾ) ਸਾਹਿਬ ਸਿੰਘ ਉਹਨੀਂ ਦਿਨੀਂ ਲੁਧਿਆਣੇ ਗਿਆ ਹੋਇਆ ਸੀ।"

ਤੀਜੀ ਰਿਪੋਰਟ:-

1866 ਈਸਵੀ ਵਿੱਚ ਗੇਂਦਾ ਸਿੰਘ ਨੇ ਇੱਕ ਵਾਰ ਫਿਰ ਮੁਖਬਰੀ ਕੀਤੀ ਅਤੇ ਲੰਮੀ ਚੌੜੀ ਰਿਪੋਰਟ ਪੇਸ਼ ਕੀਤੀ, ਜਿਸਦਾ ਕੁਝ ਅੰਸ਼ ਇਸ ਪ੍ਰਕਾਰ ਹੈ:-

"ਕੂਕੇ ਗੜਬੜ ਲਈ ਤਿਆਰ ਹਨ। ....ਗੁਰੂ ਰਾਮ ਸਿੰਘ ਹੁਰਾਂ ਪਿਛੋਂ ਸੂਬਾ ਸਾਹਿਬ ਸਿੰਘ ਉਨ੍ਹਾਂ ਦੀ ਥਾਂ ਹੋਵੇਗਾ। ....ਜੇ ਸਾਹਿਬ ਸਿੰਘ ਆਗੂ ਬਣ ਗਿਆ ਤਦ ਜ਼ਰੂਰ ਹੀ ਬਲਵਾ ਹੋ ਜਾਵੇਗਾ।"

ਮਿਸਟਰ ਮੈਕਨਾਬ ਦੀ ਰਿਪੋਰਟ:-

ਮਿਸਟਰ ਮੈਕਨਾਬ, ਸੈਸ਼ਨ ਜੱਜ ਦੀ ਪਦਵੀ ਤੇ ਸੁਸ਼ੋਭਿਤ ਸੀ, ਉਸਨੇ ਕੂਕਿਆਂ ਨਾਲ ਸੰਬੰਧਤ ਕੇਸਾਂ ਵਿੱਚ ਗਵਾਹੀਆਂ ਲਈਆਂ ਸਨ। ਉਸਨੇ ਗਵਾਹੀਆਂ ਦੇ ਆਧਾਰ ਤੇ ਸੂਬਾ ਸਾਹਿਬ ਸਿੰਘ ਬਾਰੇ ਇੱਕ ਨੋਟ ਲਿਖਿਆ ਸੀ:-

"(ਸਾਹਿਬ ਸਿੰਘ) ਬੁੱਧੀਮਾਨ, ਚਤੁਰ, ਦ੍ਰਿੜ ਇਰਾਦੇ ਵਾਲਾ ਅਤੇ ਸੂਬਿਆਂ ਵਿੱਚੋਂ ਬਹੁਤ ਯੋਗ ਆਦਮੀ ਹੈ।"

ਮਿਸਟਰ ਮੈਕਨਾਬ ਦੀ ਰਿਪੋਰਟ ਤੇ ਪੰਜਾਬ ਸਰਕਾਰ ਨੇ ਗਵਰਨਰ ਜਨਰਲ ਨੂੰ ਲਿਖਿਆ ਸੀ:-

"............ਇਹ ਐਨ ਸੰਭਵ ਹੈ ਕਿ ਇੱਕ ਆਦਮੀ ਕੇਵਲ ਆਪਣੀ ਪਦਵੀ ਤੋਂ ਹੋ ਖਤਰਨਾਕ ਹੋ ਸਕੇ। ਆਪਣੇ ਪ੍ਰਭਾਵ ਅਤੇ ਪਦਵੀ ਦਾ ਜ਼ਿਕਰ ਨਾ ਕਰਕੇ ਜਿਵੇਂ ਸਾਹਿਬ ਸਿੰਘ (ਗੁਰੂ) ਰਾਮ ਸਿੰਘ ਦਾ ਸੰਭਵ ਉਤ੍ਰਾਧਿਕਾਰੀ ਹੈ।"

"............ਸ਼ੁਰੂ ਕਰਨ ਵਾਸਤੇ ਭਾਵੇਂ ਪਹਿਲਾ ਆਦਮੀ ਸਾਹਿਬ ਸਿੰਘ ਹੈ। (ਸੂਬਾ) ਸਾਹਿਬ ਸਿੰਘ (ਗੁਰੂ) ਰਾਮ ਸਿੰਘ ਦਾ ਪਿਛਲੇ ਨੇਪਾਲ ਨੂੰ ਜਾਣ ਵਾਲੇ ਮਿਸ਼ਨ ਵਿੱਚ ਰਾਜਦੂਤ

ਸੀ। ਉਹ ਸਾਰੇ ਹੀ ਪੁਲਿਸ ਅਫਸਰਾਂ ਦੀਆਂ ਕਿਤਾਬਾਂ ਵਿੱਚ ਦਰਜ਼ ਹੈ, ਜਿਵੇਂ '(ਗੁਰੂ) ਰਾਮ ਸਿੰਘ ਦਾ ਉਮੀਦ ਕੀਤਾ ਜਾਂਦਾ ਜਾਂ-ਨਸ਼ੀਨ', 'ਉਸਦਾ ਖੁਫੀਆ ਸੂਬਾ', '(ਗੁਰੂ) ਰਾਮ ਸਿੰਘ ਦਾ ਲੈਫਟੀਨੈਂਟ', 'ਸਦਾ (ਗੁਰੂ) ਰਾਮ ਸਿੰਘ ਦੇ ਸੰਗ', 'ਸਾਰਿਆਂ ਵਿੱਚੋਂ ਬਹੁਤਾ ਜਾਣਿਆ ਜਾਣ ਵਾਲਾ ਸੂਬਾ ਸੀ'।"

ਮਿ: ਮੈਕਨਾਬ ਉਸਨੂੰ "ਪੜ੍ਹਿਆ-ਲਿਖਿਆ, ਮਹੱਤਵਕਾਂਖੀ, ਚਾਲਬਾਜ਼ ਅਤੇ (ਗੁਰੂ) ਰਾਮ ਸਿੰਘ ਨੂੰ ਸਦਾ ਤਾਜ਼ਾ ਚਾਲਾਂ ਵਾਸਤੇ ਤਿੱਖਿਆ ਕਰਨ ਵਾਲਾ ਬਿਆਨਦਾ ਹੈ।"

ਸੂਬਾ ਸਾਹਿਬ ਸਿੰਘ ਦੀ ਅਦਨ ਵਿੱਚ ਜਲਾਵਤਨੀ ਤੋਂ ਬਾਅਦ ਪੰਜਾਬ ਸਰਕਾਰ ਨੋਟ ਕਰਦੀ ਹੈ:-

"ਮਿ: ਮੈਕਨਾਬ ਸੋਚਦਾ ਹੈ ਕਿ ਜੇ ਸਿਰਫ ਉਸ ਕੱਲੇ ਨੂੰ ਘੱਲ ਦਿੱਤਾ ਜਾਵੇ ਤਾਂ, 'ਕੂਕਾਇਜ਼ਮ' ਇੱਕ ਦਮ ਸੁਰਜੀਤ ਹੋ ਉੱਠੇਗਾ ਅਤੇ (ਸਾਡੇ ਲਈ) ਦੁਖਦਾਈ ਬਣ ਜਾਵੇਗਾ।"

ਜਲਾਵਤਨੀ:-

ਸਤਿਗੁਰੂ ਰਾਮ ਸਿੰਘ ਜੀ ਦੇ ਜਤਨਾਂ ਸਦਕਾ ਪੰਜਾਬ ਦੀ ਧਰਤੀ ਤੇ ਸਤਿਜੁਗ ਦਾ ਪਹਿਰਾ ਹੋ ਗਿਆ। ਸਤਿਗੁਰੂ ਜੀ ਦੀਆਂ ਕੋਸ਼ਿਸ਼ਾਂ ਨਾਲ ਹਿੰਦ ਵਾਸੀ ਅੰਗਰੇਜ਼ ਦੇ ਖਿਲਾਫ ਉੱਠ ਖਲੋਤੇ। ਨਤੀਜੇ ਵਜੋਂ ਗਊ ਰੱਖਿਆ ਲਈ ਨਾਮਧਾਰੀ ਪੰਥ ਅੰਗਰੇਜ਼ ਸਰਕਾਰ ਵਿਰੁੱਧ ਲਾਮਬੰਦ ਹੋ ਗਿਆ ਅਤੇ ਅੰਮ੍ਰਿਤਸਰ, ਰਾਏਕੋਟ ਅਤੇ ਮਲੇਰਕੋਟਲੇ ਦੇ ਸਾਕੇ ਵਾਪਰ ਗਏ। ਅਨੇਕ ਨਾਮਧਾਰੀ ਸਿੰਘ ਸ਼ਹੀਦ ਹੋਏ, ਰੂਪੋਸ਼ ਹੋ ਗਏ ਅਤੇ ਕਾਲੇ ਪਾਣੀ ਦੀ ਸਜ਼ਾ ਲਈ ਹਿੰਦੋਸਤਾਨ ਛੱਡ ਗਏ। ਉਹਨਾਂ ਨੇ ਇਹ ਸਾਰੀਆਂ ਸਜ਼ਾਵਾਂ ਸਤਿਗੁਰੂ ਜੀ ਦਾ ਭਾਣਾ ਮੰਨ ਕੇ ਖਿੜ੍ਹੇ ਮੱਥੇ ਸਹਾਰੀਆਂ। ਮਲੇਰਕੋਟਲੇ ਦਾ ਸਾਕੇ ਤੋਂ ਤੁਰੰਤ ਬਾਅਦ ਸਤਿਗੁਰੂ ਰਾਮ ਸਿੰਘ ਜੀ ਨੂੰ ਸੂਬਿਆਂ ਸਮੇਤ ਮਿਸਟਰ ਜੈਕਸਨ ਦੀ ਨਿਗਰਾਨੀ ਹੇਠ 18 ਜਨਵਰੀ 1872 ਈਸਵੀ ਨੂੰ ਸਪੈਸ਼ਲ ਗੱਡੀ ਰਾਹੀਂ ਲੁਧਿਆਣੇ ਸਟੇਸ਼ਨ ਤੋਂ ਰਾਤ ਸਮੇਂ ਇਲਾਹਾਬਾਦ ਨੂੰ ਤੋਰ ਦਿੱਤਾ ਗਿਆ ਤਾਂ ਕਿ ਦੇਸ਼ ਭਗਤਾਂ ਦੁਆਰਾ ਆਰੰਭ ਕੀਤੇ ਗਏ ਸੁਤੰਤਰਤਾ ਸੰਗਰਾਮ ਨੂੰ ਖਤਮ ਕੀਤਾ ਜਾ ਸਕੇ। ਪਰੰਤੂ ਇਹ ਅੰਗਰੇਜ਼ ਸਰਕਾਰ ਦੀ ਭੁੱਲ ਸੀ, ਉਹ ਲਹਿਰ ਖਤਮ ਨਾ ਹੋਈ ਸਗੋਂ ਸਮੇਂ ਦੇ ਬੀਤਣ ਨਾਲ ਪਰਚੰਡ ਸਰੂਪ ਧਾਰ ਗਈ ਸੀ।

ਇਲਾਹਾਬਾਦ ਤੋਂ ਸਤਿਗੁਰਾਂ ਸਮੇਤ ਸਾਰੇ ਸੂਬੇ ਰੰਗੂਨ, ਮੌਲਮੀਨ, ਅਦਨ ਅਤੇ ਅਸੀਰਗੜ੍ਹ ਭੇਜ ਕੇ ਕੈਦ ਕੀਤੇ ਗਏ। 25 ਮਾਰਚ 1873 ਈਸਵੀ ਨੂੰ ਸੂਬਾ ਸਾਹਿਬ ਸਿੰਘ ਅਤੇ ਸੂਬਾ ਕਾਹਨ ਸਿੰਘ ਮੇਲ ਸਟੀਮਰ 'ਪਿਸ਼ਾਵਰ' ਰਾਹੀਂ ਅਦਨ (ਅਰਬ) ਵਿੱਚ ਪਹੁੰਚ ਗਏ ਅਤੇ ਉਹਨਾਂ ਜੇਲ੍ਹ ਵਿੱਚ ਬਣੇ ਨਵੇਂ ਕੁਆਰਟਰਾਂ ਵਿੱਚ ਰੱਖਿਆ ਗਿਆ। ਸੂਬਾ ਸਾਹਿਬ ਸਿੰਘ ਦੀ ਸਿਹਤ ਤਾਂ ਠੀਕ ਸੀ ਪਰੰਤੂ ਸੂਬਾ ਕਾਹਨ ਸਿੰਘ ਹਰਨੀਆਂ ਦੇ ਸ਼ਿਕਾਰ ਸਨ। ਅਦਨ ਦਾ ਮੌਸਮ ਉਹਨਾਂ ਦੇਸ਼ ਭਗਤਾਂ ਨੂੰ ਰਾਸ ਨਾ ਆਇਆ।

16 ਸਤੰਬਰ 1873 ਈਸਵੀ ਨੂੰ ਹਿੰਦ ਸਰਕਾਰ ਦੇ ਗ੍ਰਹਿ ਵਿਭਾਗ ਨੇ ਲਿਖਿਆ ਕਿ ਜੋ ਕੂਕੇ ਕੈਦੀ ਅਦਨ ਵਿੱਚ ਕੈਦ ਹਨ, ਉਹਨਾਂ ਨੂੰ ਜੇਲ੍ਹ ਵਿੱਚ ਨਾ ਰੱਖਿਆ ਜਾਵੇ ਸਗੋਂ ਪੁਲਿਸ ਦੀ ਨਿਗਰਾਨੀ ਵਿੱਚ ਰੱਖਿਆ ਜਾਵੇ।

9 ਜਨਵਰੀ 1875 ਈਸਵੀ ਨੂੰ ਪੋਲੀਟੀਕਲ ਰੈਜ਼ੀਡੈਂਟ ਨੇ ਬੰਬਈ ਸਰਕਾਰ ਨੂੰ ਲਿਖਿਆ ਸੀ ਕਿ ਦੋਵੇ ਕੂਕੇ ਕੈਦੀਆਂ ਨੂੰ ਮਾਰਚ ਮਹੀਨੇ ਦੇ ਅਖੀਰ ਤੱਕ ਕਿਧਰੇ ਠੰਡੀ ਜਗ੍ਹਾ ਭੇਜਣੇ ਚਾਹੀਦੇ ਹਨ, ਨਹੀਂ ਤਾਂ ਉਹ ਅਦਨ ਵਿੱਚ ਖਤਮ ਹੋ ਜਾਣਗੇ।

ਇਹ ਚਿੱਠੀ ਪੱਤਰ ਦਾ ਸਿਲਸਿਲਾ ਸਰਕਾਰੇ ਦਰਬਾਰੇ ਚੱਲਦਾ ਰਿਹਾ ਪਰੰਤੂ ਪੰਜਾਬ ਸਰਕਾਰ ਨਹੀਂ ਸੀ ਚਾਹੁੰਦੀ ਕਿ ਉਪਰੋਕਤ ਦੋਵੇਂ ਕੈਦੀਆਂ ਨੂੰ ਰਿਹਾਅ ਕੀਤਾ ਜਾਵੇ। 25 ਜੁਲਾਈ 1878 ਈਸਵੀ ਨੂੰ ਪੰਜਾਬ ਸਰਕਾਰ ਦੇ ਕਾਇਮ ਮੁਕਾਮ ਸਕੱਤਰ ਨੇ ਸ਼ਿਮਲੇ ਤੋਂ ਹਿੰਦ ਸਰਕਾਰ ਦੇ ਗ੍ਰਹਿ ਵਿਭਾਗ ਨੂੰ 21 ਜੁਲਾਈ ਦੀ ਚਿੱਠੀ ਦੇ ਉੱਤਰ ਵਿੱਚ ਲਿਖਿਆ ਸੀ, " ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਮਹੱਤਤਾ ਵਾਲਾ ਸਾਹਿਬ ਸਿੰਘ ਖੁਦ (ਗੁਰੂ) ਰਾਮ ਸਿੰਘ ਕੂਕਾ ਚੀਫ ਤੋਂ ਆਪਣੇ ਫਿਰਕੇ ਵਿੱਚ ਦੂਜੀ ਥਾਂ ਉੱਤੇ ਹੈ ਅਤੇ ਕਾਨ੍ਹ ਸਿੰਘ ਕੱਟੜਪੰਥੀ ਅਤੇ ਪ੍ਰਭਾਵਸ਼ਾਲੀ ਕੂਕਾ ਲੀਡਰ ਹੈ। .... ਇਹ ਦੋਵੇਂ ਹੀ ਮੇਰੇ ਮੰਨਣ ਵਿੱਚ, ਆਪਣੇ ਪੰਥ ਵਿੱਚ ਖਾਸ ਮਹਾਨਤਾ ਰੱਖਦੇ ਹਨ ਤੇ ਲੈਫਨੀਨੈਂਟ ਗਵਰਨਰ ਉਨ੍ਹਾਂ ਨੂੰ ਜੇਲ੍ਹ ਦੀ ਚਾਰ ਦੀਵਾਰੀ ਤੋਂ ਬਾਹਰ ਘੁੰਮਣ ਦੀ ਸਿਫਾਰਸ਼ ਨਹੀਂ ਕਰਦੇ। ਇਸ ਤਰ੍ਹਾਂ ਕਰਨ ਨਾਲ ਉਹ ਆਪਣੇ ਪੰਥ ਦੇ ਦੂਜੇ ਮੈਂਬਰਾਂ ਅਤੇ ਪੰਜਾਬ ਨਾਲ ਤਾਲਮੇਲ ਕਰਨ ਦੇ ਯੋਗ ਹੋ ਜਾਣਗੇ। "

ਸਰਕਾਰ ਦੇ ਚਿੱਠੀ ਪੱਤਰ ਦੇ ਆਦਾਨ ਪ੍ਰਦਾਨ ਹੁੰਦਿਆਂ ਦੋ ਸਾਲ ਲੱਗ ਗਏ। ਦੋ ਸਾਲ ਬਾਅਦ ਸੂਬਾ ਕਾਹਨ ਸਿੰਘ ਅਤੇ ਸੂਬਾ ਸਾਹਿਬ ਸਿੰਘ ਨੂੰ ਅਦਨ ਤੋਂ ਹਜ਼ਾਰੀ ਬਾਗ

ਲਿਆਂਦਾ ਗਿਆ ਅਤੇ ਉਹਨਾਂ ਨੂੰ ਯੂਰਪੀਨ ਜੇਲ੍ਹ ਵਿੱਚ ਰੱਖਿਆ ਗਿਆ। ਦੋਵੇਂ ਸੂਬਿਆਂ ਦੀ ਸਿਹਤ ਖਰਾਬ ਹੋ ਚੁੱਕੀ ਸੀ, ਹਜ਼ਾਰੀ ਬਾਗ ਆਉਣ ਤੋਂ ਬਾਅਦ ਸੂਬਾ ਸਾਹਿਬ ਸਿੰਘ ਨੂੰ ਮਧੂਮੇਹ (ਸ਼ੂਗਰ) ਦੀ ਬੀਮਾਰੀ ਹੋ ਗਈ ਸੀ ਅਤੇ ਉਸ ਬੀਮਾਰੀ ਦਾ ਇੰਨਾ ਭਿਆਨਕ ਅਸਰ ਹੋ ਗਿਆ ਕਿ ਸੂਬਾ ਸਾਹਿਬ ਸਿੰਘ ਜੀ ਜੰਗੇ ਆਜ਼ਾਦੀ ਖਾਤਰ ਜੇਲ੍ਹ ਦੇ ਤਸੀਹੇ ਸਹਿੰਦੇ ਹੋਏ 10 ਜੂਨ 1879 ਈਸਵੀ ਨੂੰ ਇਸ ਫਾਨੀ ਸੰਸਾਰ ਤੋਂ ਕੂਚ ਕਰਕੇ ਸਤਿਗੁਰਾਂ ਦੀ ਗੋਦ ਵਿੱਚ ਜਾ ਬਿਰਾਜੇ ਭਾਵ ਪਰਲੋਕ ਗਮਨ ਕਰ ਗਏ। 20 ਅਗਸਤ 1879 ਈਸਵੀ ਨੂੰ ਜੇਲ੍ਹਾਂ ਦੇ ਇੰਸਪੈਕਟਰ ਨੇ ਅਲੀਪੁਰ (ਬੰਗਾਲ) ਤੋਂ ਇੱਕ ਡਿਸਪੈਚ ਬੰਗਾਲ ਸਰਕਾਰ ਨੂੰ ਭੇਜਦਿਆਂ ਮ੍ਰਿਤੂ ਦੀ ਖਬਰ ਇਸ ਪ੍ਰਕਾਰ ਦਿੱਤੀ ਸੀ:-

"ਛੋਟੇ ਕੈਦੀ ਸਾਹਿਬ ਸਿੰਘ ਦੀ ਯੂਰਪੀਨ ਜੇਲ੍ਹ ਵਿੱਚ 10 ਜੂਨ 1879 ਨੂੰ ਮ੍ਰਿਤੂ ਹੋ ਗਈ ਹੈ। ਬਾਕੀ ਜਿਊਂਦਾ, ਇੱਕ ਕਮਜ਼ੋਰ ਅਤੇ ਜਰਜਰਾ ਬੁੱਢਾ ਕਾਨ੍ਹ ਸਿੰਘ ਜੋ 70 ਸਾਲਾਂ ਤੋਂ ਵੱਧ ਦਾ ਹੈ, 16 ਕਮਰਿਆਂ ਦੇ ਸਾਰੇ ਭਾਗ ਤੇ ਕਾਬਜ਼ ਯੂਰਪੀਨ ਜੇਲ੍ਹ ਵਿੱਚ ਅਜੇ ਵੀ ਮੌਜੂਦ ਹੈ।"

1979 ਈਸਵੀ ਵਿੱਚ ਪੂਜਨੀਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੂਬਾ ਸਾਹਿਬ ਸਿੰਘ ਜੀ ਦੀ ਸੌ ਸਾਲਾ ਸ਼ਹੀਦੀ ਸ਼ਤਾਬਦੀ ਪੰਥਕ ਤੌਰ ਤੇ ਮਨਾਈ ਸੀ ਅਤੇ ਦੇਸ਼ ਵਿਦੇਸ਼ ਵਿੱਚ ਅਨੇਕ ਸਮਾਗਮ ਕੀਤੇ ਗਏ ਸਨ। ਹਜ਼ਾਰੀ ਬਾਗ ਬਿਹਾਰ (ਝਾਰਖੰਡ) ਦੀ ਉਸ ਜੇਲ੍ਹ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਨੇ ਚਰਨ ਪਾ ਕੇ ਉਸ ਅਮਰ ਸ਼ਹੀਦ ਦੀ ਯਾਦ ਨੂੰ ਤਾਜ਼ਾ ਕੀਤਾ ਸੀ।

ਸਹਾਇਕ ਪੁਸਤਕ ਸੂਚੀ-

1. ਸਤਿਜੁਗ ਅਖਬਾਰ ਦਾ ਸੂਬਾ ਸਾਹਿਬ ਸਿੰਘ ਅੰਕ, ਜੂਨ 1979 ਈਸਵੀ, ਜੀਵਨ ਨਗਰ (ਹਰਿਆਣਾ)
2. ਵਰਿਆਮ (ਮਾਸਿਕ) ਦਾ ਸੂਬਾ ਸਾਹਿਬ ਸਿੰਘ ਅੰਕ, ਨਵੰਬਰ 1979, ਜਲੰਧਰ
3. ਪ੍ਰੀਤਮ ਸਿੰਘ ਕਵੀ : ਸੂਬਾ ਸਾਹਿਬ ਸਿੰਘ ਅੰਕ, ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ, 1979 ਈਸਵੀ
4. ਭਾਈ ਨਾਹਰ ਸਿੰਘ : ਨਾਮਧਾਰੀ ਇਤਿਹਾਸ (ਪਹਿਲਾ ਹਿੱਸਾ), ਦਿੱਲੀ